FirstRanker.com
Firstranker's choice
www.FirstRanker.com www.FirstRanker.com

This Question Paper consists **16 pages.** Of this **14 questions** for **New syllabus** and **34 questions** for **Old syllabus.**

ਇਸ ਪ੍ਰਸ਼ਨ-ਪੱਤਰ ਵਿੱਚ 16 ਮੁਦਰਿਤ ਪੰਨੇ ਹਨ । ਨਵਾਂ ਸਲੇਬਸ 14 ਪ੍ਰਸ਼ਨ ਹਨ ਅਤੇ ਪੁਰਾਣਾ ਸਲੇਬਸ 34 ਪ੍ਰਸ਼ਨ ਹਨ ।

**Roll No.**
ਰੋਲ ਨੰ: ਅੰਕਾਂ ਵਿਚ

**Code No. 46/S/A/P**

# PUNJABI
# (ਪੰਜਾਬੀ)
# (210)

**Day and Date of Examination** ____________________

ਪਰਿਖਿਆ ਦਾ ਦਿਨ ਅਤੇ ਮਿਤੀ

**Signature of Invigilators** 1. ____________________

ਨਿਰੀਖਕਾਂ ਦੇ ਦਸਖ਼ਤ

2. ____________________

## ਆਮ ਨਿਰਦੇਸ਼ :-

1 ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ ।

2 ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੇ ਹੋਣੀ ਚਾਹੀਦੀ ਹਨ । ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰਿਅਲ) ਅਨੁਸਾਰ ਹੋਵੇ ।

3 ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ ।

4 ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿਤਾ ਜਾਵੇਗਾ ।

5 ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪ੍ਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ ।

6 ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 46/S/A/P ਜ਼ਰੂਰ ਲਿਖੋ ।



www.FirstRanker.com

FirstRanker.com
Firstranker's choice
www.FirstRanker.com www.FirstRanker.com

## ਵਿਸ਼ੇਸ਼ ਸੂਚਨਾ :

1 ਇਸ ਪ੍ਰਸ਼ਨ ਪੱਤਰ ਪੁਸਤਕਾ ਵਿੱਚ ਦੋ ਪ੍ਰਸ਼ਨ-ਪੱਤਰ ਹਨ । ਇੱਕ ਸੋਧਿਆ ਸੰਸਕਰਨ ਪਾਠ-ਪੁਸਤਕ ਵਿੱਚੋਂ, ਜਿਸ ਉੱਪਰ ਨਵਾਂ ਸਲੇਬਸ ਸਿਖਿਆ ਹੈ । ਦੂਸਰਾ ਪ੍ਰਸ਼ਨ-ਪੱਤਰ ਉਸੇ ਪੁਰਾਣੇ ਸਲੇਬਸ ਵਾਲੀ ਪਾਠ-ਪੁਸਤਕਾ ਉੱਤੇ ਆਧਾਰਤ ਹੈ ।

2 ਨਵਾਂ ਸਲੇਬਸ, ਉਨ੍ਹਾਂ ਵਿਦਿਆਰਥੀਆਂ ਲਈ ਜਰੂਰੀ ਹੈ, ਜਿਨ੍ਹਾਂ ਨੇ ਦਾਖਲਾ 2012-13 (ਬਲਾਕ-1) ਵਿੱਚ ਲਿਆ ਹੈ । (ਉਹ ਵਿਦਿਆਰਥੀ, ਜਿਹੜੇ ਅਪਰੈਲ-13, ਵਿੱਚ ਨਵੇਂ ਸਲੇਬਸ ਵਿੱਚ ਪ੍ਰੀਖਿਆ ਦੇ ਰਹੇ ਹਨ ।)

3 ਪੁਰਾਣਾ ਸਲੇਬਸ, ਉਨ੍ਹਾਂ ਵਿਦਿਆਰਥੀ ਲਈ ਜਰੂਰੀ ਹੈ, ਜਿਨ੍ਹਾਂ ਦਾ ਦਾਖਲਾ 2012-13 (ਬਲਾਕ-1) ਤੋਂ ਪਹਿਲਾਂ ਦਾ ਹੈ ।

4 ਦਿੱਤੇ ਗਏ ਪ੍ਰਸ਼ਨ-ਪੱਤਰਾਂ ਵਿੱਚ ਕੇਵਲ ਇੱਕ ਸੈਟ ਦੇ ਹੀ ਉੱਤਰ ਦੇਣੇ ਹਨ ।

5 ਵਿਦਿਆਰਥੀ ਨੂੰ ਦੋਨਾਂ ਪ੍ਰਸ਼ਨਾਂ-ਪੱਤਰ ਨੂੰ ਮਿਲਾਉਣ ਦੀ ਆਗਿਆ ਨਹੀਂ ਹੈ ।



www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI
# (ਪੰਜਾਬੀ)
# (210)

NEW

New Syllabus

Time : 3 Hours ] [Maximum Marks : 100

ਸਮਾਂ : 3 ਘੰਟੇ ] [ ਕੁੱਲ ਅੰਕ : 100

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

1 ਪੈਰੇ ਨੂੰ ਪੜ੍ਹ ਕੇ ਉਸ ਉੱਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ । 2×4=8

ਗੁਰੂ ਗੋਬਿੰਦ ਸਿੰਘ ਮਨੁੱਖ ਮਾਤਰ ਦੀ ਏਕਤਾ ਵਿੱਚ ਵਿਸ਼ਵਾਸ਼ ਰੱਖਦੇ ਸਨ । ਆਪ ਦੀ ਲੜਾਈ ਜ਼ਾਲਿਮ ਤੇ ਜਾਬਰ ਵਿਰੁੱਧ ਸੀ । ਇਹੋ ਹੀ ਕਾਰਣ ਹੈ ਕਿ ਹਰ ਫਿਰਕੇ ਦੇ ਯੋਧੇ ਆਪ ਦੀ ਸੈਨਾ ਵਿੱਚ ਫੌਜੀ ਅਫ਼ਸਰ ਦੀ ਪਦਵੀ ਨੂੰ ਗ੍ਰਿਹਣ ਕਰਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖ਼ਰ ਮਹਿਸੂਸ ਕਰਦੇ ਸਨ ।

ਪੀਰ ਬੁੱਧੂ ਸ਼ਾਹ ਦਾ ਆਪਜੀ ਦੀ ਸੈਨਾ ਵਿੱਚ ਸ਼ਾਮਲ ਹੋਣਾ ਇੱਕ ਪ੍ਰਮੁੱਖ ਪ੍ਰਮਾਣ ਹੈ । ਬਹੁਤ ਸਾਰੇ ਹਿੰਦੂ ਕਵੀਆ ਦੀ ਸਰਪਰਸਤੀ ਵੀ ਆਪਜੀ ਨੇਂ ਕੀਤੀ । ਆਪ ਦਾ ਸਾਰਾ ਜੀਵਨ ਜੰਗਾਂ-ਯੁੱਧਾਂ ਤੇ ਜੱਦੋਂ-ਜਹਿਦ ਚ ਲੰਘਿਆਂ । ਪਹਾੜੀ ਰਾਜਿਆਂ ਅਤੇ ਮੁਗਲ ਬਾਦਸ਼ਾਹ ਨਾਲ ਆਪਜੀ ਨੇ ਲੋਹਾ ਲਿਆ । ਮੁੱਠੀ ਭਰ ਖਾਲਸਾ ਫੌਜਾਂ ਵਿੱਚ ਆਪ ਨੇਂ ਅਜਿਹੀ ਸਪਿਰਟ ਭਰ ਦਿੱਤੀ ਜੋ ਕਿ ਵੈਰੀਆਂ ਦੇ ਲੱਖਾਂ ਦੀ ਗਿਣਤੀ ਦੇ ਦਲਾਂ ਉੱਤੇ ਭਾਰੂ ਸਾਬਤ ਹੋਈ ।

(i) ਗੁਰੂ ਗੋਬਿੰਦ ਸਿੰਘਜੀ ਦੀ ਲੜਾਈ ਕਿਸਦੇ ਵਿਰੁੱਧ ਸੀ ?

(ii) ਗੁਰੂ ਗੋਬਿੰਦ ਸਿੰਘਜੀ ਦੀ ਫੌਜ ਵਿੱਚ ਕਿਸ ਕਿਸ ਕੌਮ ਦੇ ਸੈਨਕ ਸਨ ?

(iii) ਗੁਰੂ ਗੋਬਿੰਦ ਸਿੰਘਜੀ ਦਾ ਸਾਰਾ ਜੀਵਨ ਕਿੰਨਾਂ ਕੰਮਾਂ ਵਿੱਚ ਬੀਤਿਆ ?

(iv) ਗੁਰੂ ਗੋਬਿੰਦ ਸਿੰਘਜੀ ਨੇਂ ਆਪਣੀ ਫੌਜ ਨੂੰ ਫ਼ਤਿਹ ਹਾਸਲ ਕਰਨ ਲਈ ਕਿਹੋ ਜਿਹੀ ਸਿੱਖਿਆ ਦਿੱਤੀ ?



www.FirstRanker.com

2 ਹੇਠ ਲਿਖੇ ਪ੍ਰਸ਼ਨਾਂ ਦੇ ਰਾਹੀ ਵਿਕਲਪ ਚੁਣੋ । ਹਰ ਇੱਕ ਉੱਤਰ ਦਾ ਇੱਕ ਅੰਕ ਹੈ । 1×15=15

(i) ਗੁਰਮੁਖੀ ਲਿਪੀ ਦੇ ਕਿੰਨੇ ਦੁੱਤ ਅੱਖਰ (ਪੈਰ ਵਿੱਚ ਪਾਏ ਜਾਣ ਵਾਲੇ) ਹਨ ?

(A) ਦੋ (B) ਤਿੰਨ

(C) ਚਾਰ (D) ਪੰਜ

(ii) ਉਹ ਮੁੰਡਿਆ ! ਤੂੰ ਕੀ ਕਰ ਰਿਹਾ ਹੈ ? ਸਹੀ ਕਾਰਕ ਚੁਣੋ ।

(A) ਕਰਤਾ ਕਾਰਕ (B) ਅਪਾਦਾਨ ਕਾਰਕ

(C) ਸੰਬੋਧਨ ਕਾਰਕ (D) ਕਰਨ ਕਾਰਕ

(iii) ਸਿਮਰਨ ਪੜ ਰਹੀ ਹੈ । ਇਸ ਵਿੱਚ ਸਹੀ ਕਿਰਿਆ ਕਿਹੜੀ ਹੈ ?

(A) ਸਹਾਇਕ ਕਿਰਿਆ (B) ਸਕਾਰਕ ਕਿਰਿਆ

(C) ਅਕਾਰਕ ਕਿਰਿਆ (D) ਪਤਾ ਨਹੀਂ

(iv) ਕੁਝ ਵੀ ਕਹਿਣ ਤੋਂ ਅਸਮਰਥ ਸੀ । ਲਕੀਰੇ ਸ਼ਬਦ ਦਾ ਸਹੀ ਵਿਕਲਪ ਚੁਣੋ ।

(A) ਕਮਜੋਰ (B) ਬੁਰਾ

(C) ਅਯੋਗ (D) ਅਸਫ਼ਲ

(v) ਹੇਠ ਲਿਖਿਆ ਵਿੱਚੋਂ ਕਿਹੜਾ ਲਗਾਖਰ ਨਹੀਂ ਹੈ ?

(A) ਬਿੰਦੀ (B) ਦੁਲੈਂਕੜ

(C) ਟਿੱਪੀ (D) ਅੱਧਕ

(vi) ਹੇਠਾ ਦਿੱਤੇ ਸ਼ਬਦਾਂ ਵਿੱਚ ਕਿਸ ਸ਼ਬਦ ਦਾ ਲਿੰਗ ਬਦਲਿਆ ਜਾ ਸਕਦਾ ਹੈ ?

(A) ਅੱਗ (B) ਮਸ਼ੀਨ

(C) ਔਲਾਦ (D) ਹਥੌੜਾ

(vii) ਹੇਠਾ ਦਿੱਤੇ ਸ਼ਬਦਾਂ ਵਿੱਚੋਂ ਕਿਸ ਸ਼ਬਦ ਦਾ ਇੱਕ 'ਵਚਨ' ਰੂਪ ਵੀ ਹੋ ਸਕਦਾ ਹੈ ?

(A) ਪੇਕੇ (B) ਸਹੁਰੇ

(C) ਲੋਕ (D) ਚੰਗੀ

FirstRanker.com
Firstranker's choice
www.FirstRanker.com www.FirstRanker.com

(viii) ਉਤਪੰਨ ਸ਼ਬਦ ਕਿਨੇ ਪ੍ਰਕਾਰ ਦੇ ਹਨ ?

(A) ਇੱਕ (B) ਦੋ

(C) ਤਿੰਨ (D) ਚਾਰ

(ix) ਉਹ ਪੜਨਾਂਵ ਜਿਸ ਰਾਹੀਂ ਕਿਸੇ ਵਸਤੂ, ਜੀਵ ਆਦਿ ਦਾ ਸਹੀ ਸਹੀ ਗਿਆਨ ਨਾ ਹੋਵੇ, ਸਿਰਫ਼ ਇੱਕ ਸੰਕੇਤ ਜਿਹਾ ਮਿਲੇ, ਉਸ ਨੂੰ ਕਹਿੰਦੇ ਹਨ ।

(A) ਸੰਬੰਧਕ ਪੜਨਾਂਵ (B) ਅਨਿਸ਼ਚੇਵਾਚਕ ਪੜਨਾਂਵ

(C) ਨਿਸਚੇਵਾਚਕ ਪੜਨਾਂਵ (D) ਨਿਜਵਾਚਕ ਪੜਨਾਂਵ

(x) ਕਾਲਵਾਚਕ ਕਿਰਿਆ ਚੁਣੋਂ :

(A) ਅੰਦਰ (B) ਕਲ੍ਹ

(C) ਉੱਥੇ (D) ਬੇਸ਼ਕ

(xi) ਸਮਾਨ ਯੋਜਕ ਚੁਣੋਂ :

(A) ਕਿਉਂਕਿ (B) ਜਿਵੇਂ

(C) ਜੁ (D) ਅਤੇ

(xii) 'ਸੁਨਿਆਰਾ' ਸ਼ਬਦ ਨਾਲ ਲਗਾ ਪਿਛੇਤਕ ਚੁਣੋਂ :

(A) ਇਆਰਾ (B) ਆਰਾ

(C) ਨਿਆਰਾ (D) ਰਾ

(xiii) ਵਿਛੋੜਾ ਸ਼ਬਦ ਦਾ ਸਹੀ ਸਮਾਨਾਰਥਕ ਸ਼ਬਦ ਚੁਣੋਂ :

(A) ਹਿਜਰ (B) ਨੀਰਸ

(C) ਖੇੜਾ (D) ਵਿਯੋਗ

(xiv) ਧਨਵਾਨ ਸ਼ਬਦ ਦਾ ਸਹੀ ਵਿਪਰੀਤਾਰਥਕ ਸ਼ਬਦ ਚੁਣੋਂ :

(A) ਧਨਾਢ (B) ਨਿਰਧਨ

(C) ਅਮੀਰ (D) ਮਾਲਦਾਰ

(xv) ਮੇਰੀ ਚੁੰਨੀ ਦਾ ਰੰਗ ਪੀਲਾ ਹੈ । ਇਸ ਵਾਕ ਵਿੱਚ ਵਿਸ਼ੇਸ਼ਣ ਸ਼ਬਦ ਕਿਹੜਾ ਹੈ ?

(A) ਮੇਰੀ (B) ਚੁੰਨੀ

(C) ਰੰਗ (D) ਪੀਲਾ



www.FirstRanker.com

FirstRanker.com
Firstranker's choice
www.FirstRanker.com www.FirstRanker.com

3 ਹੇਠ ਲਿਖੇ ਅਖਾਣ ਮੁਹਾਵਰਿਆ ਨੂੰ ਪੂਰ ਕਰੋ : 1×5=5

(i) ਕਲਮ ਦਾ ..........................

(ii) ਕੁੱਤੇ ਦੀ ਮੌਤ ..........................

(iii) ਇੱਟ ਘੜੇ ਦਾਂ ..........................

(iv) ਅੱਖੀਂ ਵੇਖ ਕੇ ਮੱਖੀ ਨਹੀਂ ..........................

(v) ਸੌ ਦਿਨ ਚੋਰ ਦਾ ਇੱਕ ਦਿਨ ..........................

4 ਹੇਠ ਲਿਖੇ ਵਾਰਤਾ ਨੂੰ ਹਿਸਰਾਮ ਚਿੰਨ੍ਹ ਲਾਉ । 3

ਪ੍ਰਮਾਤਮਾ ਨੇ ਹਰ ਇੱਕ ਇਨਸਾਨ ਨੂੰ ਵਖਰੀਆਂ ਵਖਰੀਆਂ ਯੋਗਤਾਵਾਂ ਦਿੱਤੀ ਹਨ ਪਰ ਬਹੁਤ ਘੱਟ ਲੋਕ ਹੁੰਗੇ ਹਨ ਜੋ ਉਨ੍ਹਾਂ ਦਾਂ ਵਿਕਾਸ ਕਰ ਪਾਉਂਦੇ ਹਨ ਕਿਉਂਕਿ ਅਕਸਰ ਹੁੰਦਾ ਇਹ ਹੈ ਕਿ ਜਿਆਦਾਤਰ ਲੋਕ ਉਹ ਕੰਮ ਕਰਦੇ ਹਨ ਜੋ ਬਾਕੀ ਕਰ ਰਹੇ ਹੁੰਦੇ ਹਨ ।

5 ਹੇਠ ਲਿਖੇ ਸ਼ਬਦਾਂ ਦੇ ਦੋ ਦੋ ਬਹੁਅਰਥਕ ਸ਼ਬਦ ਇਸ ਤਰੀਕੇ ਨਾਲ ਬਣਾਉ ਕਿ ਅਰਥ ਸ਼ਬਦ ਹੋ ਜਾਣ । 2

ਸੁਰ, ਸੂਤ ।

6 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 250 ਸ਼ਬਦਾਂ ਦਾ ਲੇਖ ਲਿਖੋਂ । 10

(i) ਨਾਨਕ ਦੁਖੀਆ ਸਭ ਸੰਸਾਰੁ

(ii) ਪੁਸਤਕਾਂ ਦੀ ਦੁਨੀਆ

(iii) ਅਨਪੜਤਾ ਕੌਮ ਲਈ ਸਰਾਪ

(iv) ਸਮਾਜ ਕਲਿਆਣ ਵਿੱਚ ਯੁਵਕਾਂ ਦਾ ਹਿੱਸਾ ।



www.FirstRanker.com

FirstRanker.com
Firstranker's choice
www.FirstRanker.com www.FirstRanker.com

7 ਆਪਣੇ ਜਿਲੇ ਦੇ ਭਾਸ਼ਾ ਅਫ਼ਸਰ ਨੂੰ ਇੱਕ ਪੱਤਰ ਲਿੱਖੋ, ਜਿਸ ਵਿੱਚ ਉਸ ਨੂੰ ਆਪਣੇ ਨਗਰ ਦੀ 'ਸਹਿਤਸਭਾ' ਦੇ ਸਾਲਾਨਾ ਸਮਾਰੋਹ ਉੱਤੇ ਪ੍ਰਧਾਨਗੀ ਕਰਨ ਲਈ ਬੇਨਤੀ ਕਰੋ । 7

ਜਾਂ

ਆਪਣੇ ਨਗਰ ਦੇ ਪੋਸਟ ਮਾਸਟਰ ਨੂੰ ਇੱਕ ਪੱਤਰ ਲਿਖਦੇ ਹੋਏ ਆਪਣੇ ਇਲਾਕੇ ਦੇ ਡਾਕੀਏ ਦੀ ਇਸ ਗੱਲ ਲਈ ਪ੍ਰਸ਼ੰਸਾ ਕਰੋ ਕਿ ਉਹ ਡਾਕ ਵੰਡਣ ਦਾ ਕੰਮ ਬੜੀ ਈਮਾਨਦਾਰੀ ਨਾਲ ਕਰਦਾ ਹੈ ।

8 "ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ਗੁਨਹੀ ਭਰਿਆ ਮੈ ਫਿਰਾਂ ਲੋਕੁ ਕਹੇ ਦਰਵੇਸ਼ ।" 5
ਇਸ ਸ਼ਲੋਕ ਵਿੱਚ ਬਾਬਾ ਫਰੀਦਜੀ ਮਨੁੱਖੀ ਜੀਵਨ ਲਈ ਕੀ ਸੰਦੇਸ਼ ਦੇ ਰਹੇ ਹਨ ?
ਲਗਪਗ 100-125 ਸ਼ਬਦਾਂ ਵਿੱਚ ਲਿਖੋਂ ।

ਜਾਂ

ਕਵੀ ਸੁਰਜੀਤ ਪਾਤਰ ਨੇ 'ਨਜ਼ਰ' ਕਵਿਤਾ ਵਿੱਚ 'ਨਜ਼ਰ' ਕਿਸ ਨੂੰ ਕਿਹਾ ਗਿਆ ਹੈ ? ਉਹ ਫਿਰ 'ਨਜ਼ਰ' ਉਤਾਰਨ ਦਾ ਕੀ ਉਪਾਅ ਦਸਦਾ ਹੈ । ਲਗਪਗ 100-125 ਸ਼ਬਦਾਂ ਵਿੱਚ ਲਿਖੋਂ ।

9 ਕਹਾਣੀਕਾਰ ਦਲੀਪ ਕੌਰ ਟਿਵਾਣਾਂ 'ਬਸ ਕੰਡੈਕਟਰ' ਕਹਾਣੀ ਵਿੱਚ ਪਾਠਕਾਂ ਨੂੰ ਕੀ ਦਸਣਾ ਚਾਹੁੰਦੀ ਹੈ ? ਕਹਾਣੀ ਦਾ ਹਵਾਲਾ ਦਿੰਦੇ ਹੋਏ ਲਗਪਗ 100-125 ਸ਼ਬਦਾਂ ਵਿੱਚ ਲਿਖੋਂ । 5

10 'ਬੇਈਮਾਨ' ਇਕਾਂਗੀ ਦੀ ਕਹਾਣੀ ਦਾ ਸਾਰ ਲਗਪਗ 100-125 ਸ਼ਬਦਾਂ ਵਿੱਚ ਲਿਖੋਂ । 5

11 ਡਾ: ਆਂਟੀ ਨੇ ਜੈਸਮਿਨ ਨੂੰ 'ਅਨੀਮੀਆ' ਬਾਰੇ ਕੀ ਕੁਝ ਦੱਸਿਆ ? 'ਦੇਹ ਅਰੋਗਤਾ' ਪਾਠ ਦੇ ਆਧਾਰਤੇ ਲਗਪਗ 100-125 ਸ਼ਬਦਾਂ ਵਿੱਚ ਲਿਖੋਂ । 5



www.FirstRanker.com

FirstRanker.com
Firstranker's choice
www.FirstRanker.com www.FirstRanker.com

12 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋਂ । 1×12=12

ਹਰ ਇੱਕ ਉੱਤਰ ਲਈ ਇੱਕ ਅੰਕ ਹੈ ।

(i) 'ਨੰਦੂ' ਕਹਾਣੀ ਦਾ ਲੇਖਕ ਕੌਣ ਹੈ ?

(ii) ਸ: ਸੁਜਾਨ ਸਿੰਘ ਦੀ ਕਿਹੜੀ ਕਹਾਣੀ ਤੁਹਾਡੀ ਪਾਠ-ਪੁਸ਼ਤਕ ਵਿੱਚੋ ਹੈ ?

(iii) 'ਇਨਸਾਨਸ਼ਤਾਨ' ਕਿਸ ਕਵੀ ਦੀ ਰਚਨਾ ਹੈ ?

(iv) ਗੁਰੂ ਨਾਨਕ ਦੇਵਜੀ ਅਨੁਸਾਰ 'ਸਿੰਮਲ' ਦੇ ਰੁੱਖ ਤੋਂ ਪੰਛੀ ਨਿਰਾਸ਼ ਹੋਕੇ ਵਾਪਸ ਕਿਉਂ ਜਾਂਦੇ ਹਨ ?

(v) ਕਵੀ ਭਾਈ ਵੀਰਸਿੰਘ 'ਸਮਾਂ' ਕਵਿਤਾ ਦੁਆਰਾ ਕੀ ਸੰਦੇਸ ਦੇ ਰਿਹਾ ਹੈ ?

(vi) ਸ਼ਾਹ ਮੁਹੰਮਦ ਨੇ 'ਜੰਗ ਸਿੰਘਾਂ ਤੇ ਫ਼ਰੰਗੀਆ' ਬਾਰੇ ਕੀ ਲਿਖਿਆ ਹੈ ? ਕਵੀ ਨੇ 'ਸਰਕਾਰ' ਸ਼ਬਦ ਦਾ ਇਸਤੇਮਾਲ ਕਿਸ ਲਈ ਕਿਤਾ ਹੈ ?

(vii) 'ਬਸ ਕੰਡੈਕਟਰ' ਕਹਾਣੀ ਦੀ ਨਾਰੀ ਪਾਤਰ ਕੀ ਕੰਮ ਕਰਦੀ ਹੈ ਤੇ ਕਿਹੜੇ ਸਹਿਰ ਵਿੱਚ ਰਹਿੰਦੀ ਹੈ ?

(viii) ਗੁਰੂ ਨਾਨਕ ਦੇਵਜੀ ਦੀ ਮਾਤਾ ਦਾ ਨਾਂ ਕੀ ਸੀ ?

(ix) ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਅਨੁਸਾਰ, ਮਨੁਖ ਦੀ ਅਸਲੀ ਸੁੰਦਰਤਾ ਕਿਸ ਵਿੱਚੋਂ ਨਿਖਰਦੀ ਹੈ ?

(x) ਮ: ਰਣਜੀਤ ਸਿੰਘ ਨੇ ਆਪਣੀ ਫੌਜ ਨੂੰ ਲੋਕ ਭਲਾਈ ਦੇ ਮੰਤਵ ਲਈ ਕੀ ਹੁਕਮ ਦਿੱਤਾ ਹੋਇਆ ਸੀ ?

(xi) ਤੁਹਾਡੀ ਨਜ਼ਰ ਵਿੱਚ ਇਕਾਂਗੀ ਦਾ ਕਿਹੜਾ ਪਾਤਰ ਜਿਆਦਾ ਬੇਈਮਾਨ ਹੈ ?

(xii) 'ਮੋਟਰ' ਵਾਲੇ ਨੇ ਅਸਲ ਵਿੱਚ ਮੋਟਰ ਕਿਵੇਂ ਖਰੀਦੀ ਸੀ ?



www.FirstRanker.com

FirstRanker.com
Firstranker's choice
www.FirstRanker.com www.FirstRanker.com

13 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30-40 ਸ਼ਬਦਾਂ ਵਿੱਚ ਲਿਖੋ : 2×6=12

(i) ਕਵੀ ਲਃ ਧਨੀਰਾਮ ਚਾਤ੍ਰਿਕ ਆਪਣੀ ਕਵਿਤਾ 'ਇਨਸਾਨਸ਼ਤਾਨ' ਵਿੱਚ ਸਾਕੀ ਨੂੰ ਕੀ ਕਰਨ ਲਈ ਕਹਿੰਦਾ ਹੈ ?

(ii) 'ਨਿੱਕੇ ਵੱਡੇ ਡਰ' ਕਵਿਤਾ ਵਿੱਚ ਕਵੀ ਜਗਤਾਰ ਧੀਆ ਨੂੰ ਪਿੰਡ ਜਾਂਦੀਆਂ ਨੂੰ ਕੀ ਤਾਕੀਦ ਕਰਦਾ ਹੈ ?

(iii) ਇੱਕ ਦਿਨ ਬਸ ਕੰਡੈਕਟਰ ਅਜੀਤ ਨੇ ਪਾਲੀ ਪਾਸੋਂ ਟਿਕਟ ਦੇ ਪੈਸੇ ਨਾ ਲਏ ਤਾਂ ਉਸ ਦੇ ਮਨ ਵਿੱਚ ਕੀ ਵਿਚਾਰ ਆਇਆ ?

ਸਃ ਗੁਰਬਖਸ਼ ਸਿੰਘ ਅਨੁਸਾਰ ਸੁੰਦਰਤਾ ਕਿੱਥੇ ਛੁਪੀ ਹੋਈ ਹੈ ਅਤੇ ਵਾਤਾਵਰਨ, ਆਤਮਾ ਦਾ ਕੀ ਰੋਲ ਹੈ ?

(iv) 'ਵਾਤਾਵਰਨ ਵਿੱਚ ਸੁੰਦਰਤਾ' ਲੇਖ ਦੇ ਆਧਾਰ ਉੱਤੇ ਲਿਖੋ ।

(v) ਮਃ ਰਣਜੀਤ ਸਿੰਘ ਨੂੰ ਮਾਨਵਤਾ ਦਾ ਹਾਮੀ ਅਤੇ ਪੰਜਾਬ ਦਾ ਗੌਰਵ ਕਿਉਂ ਕਿਹਾ ਜਾਂਦਾ ਹੈ ?

(vi) ਪ੍ਰਿੰਃ ਤੇਜਾਸਿੰਘ ਅਨੁਸਾਰ, ਸਾਰੇ ਜਹਾਨ ਨੂੰ ਗਾਹ ਕੇ ਕਿੱਥੇ ਮੁੜਨ ਨੂੰ ਜੀ ਕਰਦਾ ਹੈ ?

14 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ : 3×2=6

(i) 'ਭਲਾ ਮੋਏ ਤੇ ਵਿਛੜੇ ਕੌਣ ਮੇਲੇ,
ਐਵੇਂ ਜੀਉੜਾ ਲੋਕ ਵਲਾਂਵਦਾ ਈ ।
ਇੱਕ ਬਾਜ਼ ਤੋਂ ਕਾਉਂ ਨੇ ਕੂੰਜ ਖੋਹੀ
ਵੇਖਾਂ ਚੁੱਪ ਹੈ ਕਿ ਕੁਰਲਾਂਵਦਾ ਈ ।'

ਇਨ੍ਹਾਂ ਪੰਗਤੀਆਂ ਵਿੱਚ 'ਹੀਰ' ਕਿਨ੍ਹਾਂ ਗੱਲਾਂ ਦਾ ਰੁਦਨ ਕਰਦੀ ਹੈ ?

(ii) 'ਸਾਂਝ' ਕਹਾਣੀ ਵਿੱਚ ਸਰਦਾਰ ਦੇ ਜਵਾਈ ਦੀ ਮੌਤ ਤੇ ਅਫ਼ਸੋਸ ਕਰਨ ਆਏ ਲੋਕਾਂ ਵਿੱਚੋਂ ਇੱਕ ਬੁੱਢੇ ਆਦਮੀ ਨੇ ਸਰਦਾਰ ਨੂੰ ਕਿਵੇਂ ਅਫ਼ਸੋਸ ਕੀਤਾ, ਫਿਰ ਸਰਦਾਰ ਦਾ ਕਿਸ ਤਰ੍ਹਾਂ ਦਾ ਦਿਲ ਹੋ ਗਿਆ ?



www.FirstRanker.com

FirstRanker.com
Firstranker's choice
www.FirstRanker.com www.FirstRanker.com

# PUNJABI
# (ਪੰਜਾਬੀ)
# (210)

**OLD**

**Old Syllabus**

Time : 3 Hours ] [Maximum Marks : 100

ਸਮਾਂ : 3 ਘੰਟੇ ] [ ਕੁੱਲ ਅੰਕ : 100

ਨੋਟ :- (1) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ ।

(2) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦੇ ਉੱਤਰ ਲਿਖੋ ।

(3) ਪ੍ਰਸ਼ਨ 1–11 ਤੱਕ ਦੇ ਚਾਰ-ਚਾਰ ਵਿਕਲਪਿਤ ਉੱਤਰ ਦਿੱਤੇ ਹੋਏ ਹਨ, ਸਹੀ ਵਿਕਲਪ ਨੂੰ ਹੀ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ ।

1 ਹੇਠ ਲਿਖੀ ਤੁੱਕ ਨੂੰ ਧਿਆਨ ਨਾਲ ਪੜੋ ਅਤੇ ਹੇਠਾਂ ਦਿੱਤੇ ਗਏ ਸਹੀ ਉੱਤਰ ਨੂੰ ਛਾਂਟ ਕੇ ਆਪਣੀ ਉੱਤਰ ਪੁਸਤਕਾ ਵਿੱਚ ਲਿਖੋ : 1×11=11

'ਕਾਜੀਆਂ ਬਾਹਮਣਾ ਕੀ ਗਲਿ ਥਕੀ,
ਅਗਦ ਪੜੈ ਸ਼ੈਤਾਨ ਵੇ ਲਾਲੋ'

ਪ੍ਰਸ਼ਨ : ਲਾਲੋ ਕੌਣ ਸੀ ?

(ੳ) ਪਿੰਡ ਦਾ ਚੌਧਰੀ ਸੀ ।

(ਅ) ਗੁਰੂ ਨਾਨਕ ਦੇਵਜੀ ਨਾਲ ਘੁੰਮਣ ਵਾਲਾ ਸੀ ।

(ੲ) ਪਿੰਡ ਦਾ ਤਰਖਾਨ ਗੁਰੂ ਜੀ ਦਾ ਸ਼ਰਧਾਲੂ ਸੀ ।

(ਸ) ਬਾਬਰ ਦੀ ਫ਼ੌਜ ਦਾ ਬੰਦਾ ਸੀ ।

2 'ਇੱਕ ਦਿਨ ਇਹ ਕਚਕੌਲ ਲੈ ਗਿਆ
ਮੁਰਸ਼ਦ ਮੂਹਰੇ ਧਰਿਆ
ਜੂਠ-ਜੂਠ ਕਰ ਉਸ ਉਲਟਾਇਆ
ਖਾਲੀ ਸਾਰਾ ਕਰਿਆ'

ਜੂਠ ਜੂਠ ਕਰਕੇ ਮੁਰਸ਼ਦ ਨੇ ਆਪਣੇ ਸ਼ਿਸ਼ ਦਾ ਗਿਆਨ ਵਾਲਾ ਪਿਆਲਾ ਖਾਲੀ ਕਿਉਂ ਕਰ ਦਿੱਤਾ ?

(ੳ) ਕਿਉਂਕਿ ਉਸ ਪਿਆਲੇ ਵਿੱਚ ਜੂਠਾ ਪਾਣੀ ਸੀ ।

(ਅ) ਕਿਉਂਕਿ ਪਿਆਲੇ ਦਾ ਪਾਣੀ ਗਿਰ ਰਿਹਾ ਸੀ ।

(ੲ) ਸ਼ਿਸ ਨੇ ਆਪਣੇ ਦਿਮਾਗ ਰੂਪੀ ਪਿਆਲੇ ਵਿੱਚ ਉਧਾਰਾ ਗਿਆਨ ਭਰਿਆ ਹੋਇਆ ਸੀ ।

(ਸ) ਪਿਆਲੇ ਵਿੱਚ ਗਿਆਨ ਨਹੀਂ ਆ ਸਕਦਾ ਸੀ ।



www.FirstRanker.com

3 'ਸਾਈਆਂ ਸੱਚ ਆਖਾਂ ਮਰਨਾ ਗੱਲ ਕੁਝ ਨਹੀਂ
ਐਪਰ ਡਾਢੀ ਮੁਸੀਬਤ ਜੁਦਾਈ ਦੀ ਏ'
ਇਨ੍ਹਾਂ ਪੰਗਤੀਆਂ ਵਿੱਚ ਡਾਢੀ ਮੁਸੀਬਤ ਜੁਦਾਈ ਦੀ ਕਿਸ ਨੂੰ ਹੈ ?
(ੳ) ਫੌਜੀ ਦੀ ਪਤਨੀ ਨੂੰ ਫੌਜੀ ਤੋਂ ਜੁਦਾ ਹੋਣ ਦੀ ।
(ਅ) ਭਗਤ ਨੂੰ ਰੱਬ ਤੋਂ ਜੁਦਾ ਹੋਣ ਦੀ ।
(ੲ) ਰਾਧਾ ਨੂੰ ਕ੍ਰਿਸ਼ਨ ਜੀ ਤੋਂ ਜੁਦਾ ਹੋਣ ਦੀ ।
(ਸ) ਸੀਤਾ ਨੂੰ ਰਾਮ ਚੰਦਰ ਜੀ ਤੋਂ ਜੁਦਾ ਹੋਣ ਦੀ ।

4 'ਪਟੇ ਵਾਲ ਮਲਾਈਆਂ ਦੇ ਨਾਲ ਪਾਲੇ
ਵਕਤ ਆਇਆ ਸੂ ਰਗੜ ਮਨਾਉਣੇ ਦਾ
ਬੁੰਦੇ ਸੋਨੇ ਦੇ ਲਾਹ ਕੇ ਚਾਉ ਚੜਿਆ
ਕੰਨ ਪਾੜ ਕੇ ਮੁੰਦਰਾਂ ਪਾਉਣੇ ਦਾ ।'
ਰਾਂਝੇ ਨੂੰ ਕੰਨ ਪੜਵਾ ਕੇ ਮੁੰਦਰਾ ਪਾਉਣ ਦਾ ਚਾਉ ਕਿਉਂ ਚੜਿਆ ਹੋਇਆ ਸੀ ?
(ੳ) ਜੋਗ ਧਾਰਣ ਕਰਨ ਦਾ ।
(ਅ) ਪਟੇ ਮਨਾਉਣ ਦਾ ।
(ੲ) ਜੋਗੀ ਬਣ ਕੇ ਹੀਰ ਨੂੰ ਪ੍ਰਾਪਤ ਕਰਨ ਦਾ ।
(ਸ) ਲੋਕਾਂ ਤੋਂ ਪੂਜਾ ਕਰਵਾਉਣ ਦਾ ।

5 ਤਾਊ ਰੰਗੀ ਰਾਮ ਨੇ ਐਨਕ ਕਿਉਂ ਪਾ ਲਈ ਸੀ ?
(ੳ) ਉਹਨਾ ਦੀ ਨਜ਼ਰ ਕਮਜ਼ੋਰ ਹੋ ਗਈ ਸੀ ।
(ਅ) ਕਿਸੇ ਮਿੱਤਰ ਨੇ ਉਹਨਾਂ ਨੂੰ ਐਨਕ ਦੇ ਦਿੱਤੀ ਸੀ ।
(ੲ) ਡਾਕਟਰ ਨੇ ਐਨਕ ਲਾਉਣ ਲਈ ਕਿਹਾ ਸੀ ।
(ਸ) ਤਾਉ ਜੀ ਐਨਕ ਪਾਕੇ ਸਿਆਣਾ ਹੋਣ ਦਾ ਰੁਆਬ ਪਾਉਣਾ ਚਾਹੁੰਦੇ ਸਨ ।

6 'ਤੂੰ ਮੇਰੇ ਨਾਲ ਸਲਾਹ ਤਾਂ ਕਰ ਲੈਂਦੋ' ਕਹਾਣੀ ਵਿੱਚ ਇਹ ਗੱਲ ਕਿਸ ਨੇ ਕਿਸ ਨੂੰ ਕਹੀ ?
(ੳ) ਖੁਸ਼ੀ ਕਹਾਣੀ ਵਿੱਚ ਵੱਡਾ ਭਰਾ ਛੋਟੇ ਭਰਾ ਨੂੰ ਮੱਝ ਬਾਰੇ ਕਹਿੰਦਾ ਹੈ ।
(ਅ) ਗੁਆਂਢੀ ਨੇ ਮੱਝ ਵੇਚਣ ਬਾਰੇ ਕਿਹਾ ?
(ੲ) ਪਿਤਾ ਨੇ ਵਿਆਹ ਤੋਂ ਆ ਕੇ ਆਪਣੇ ਪੁੱਤਰ ਨੂੰ ਮੱਝ ਵੇਚਣ ਬਾਰੇ ਕਿਹਾ ।
(ਸ) ਮਾਂ ਨੇ ਆਪਣੇ ਪੁੱਤਰ ਨੂੰ ਬਿਨਾ ਪੁੱਛਿਆਂ ਮੱਝ ਵੇਚਣ ਬਾਰੇ ਕਿਹਾ ।

FirstRanker.com
Firstranker's choice
www.FirstRanker.com www.FirstRanker.com

7 ਔਰੰਗਜ਼ੇਬ ਰਾਗ ਨੂੰ ਚੰਗਾ ਕਿਉਂ ਨਹੀਂ ਸੀ ਸਮਝਦਾ ?
(ੳ) ਇਹ ਸ਼ਾਹੀ ਘਰਾਣੇ ਦੀ ਖੇਡ ਹੈ ।
(ਅ) ਸਾਜ਼ ਬਿਨਾ ਚੰਗਾ ਨਹੀਂ ਲਗਦਾ ।
(ੲ) ਥੜਾ ਪ੍ਰਭਾਵ ਸ਼ਾਲੀ ਹੁੰਦਾ ਹੈ ।
(ਸ) ਸ਼ੈਤਾਨ ਦੇ ਦਿਲ ਵਿੱਚੋਂ ਨਿਕਲਦਾ ਹੈ ।

8 ਗੁਰੂ ਗੋਬਿੰਦ ਸਿੰਘ ਜੀਨੇ ਮਨੁੱਖੀ ਹੱਕਾਂ ਦੀ ਰਾਖੀ ਲਈ :
(ੳ) ਬਾਣੀ ਰਚੀ ।
(ਅ) ਨੀਲਾ ਬਾਣਾ ਫਾੜਿਆ ।
(ੲ) ਪਹਾੜੀ ਰਾਜਿਆਂ ਨਾਲ ਯੁਧ ਲੜੇ ।
(ਸ) ਖਾਲਸਾ ਪੰਥ ਸਾਜਿਆ ਅਤੇ ਪਰਵਾਰ ਵਾਰਿਆ ।

9 ਨਾਨਕ ਸਿੰਘ ਦੇ ਪਿਤਾ ਦੀ ਮੌਤ ਤੋਂ ਪਿੱਛੋਂ ਵੀ ਉਸ ਦੀ ਮਾਂ ਨੇ ਪਿਸ਼ਾਵਰ ਕਿਉਂ ਨਾ ਛਡਣਾ ਚਾਹਿਆ ?
(ੳ) ਉੱਥੇ ਉਸ ਦੇ ਰਿਸ਼ਤੇਦਾਰ ਰਹਿੰਦੇ ਸਨ ।
(ਅ) ਉਸ ਨੂੰ ਸ਼ਹਿਰ ਚੰਗਾ ਲਗਦਾ ਸੀ ।
(ੲ) ਉਸ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ ।
(ਸ) ਉਹ ਆਪਣੇ ਪਤੀ ਦੀ ਗੱਦੀ ਉੱਤੇ ਹੀ ਬੈਠਣਾ ਚਾਹੁੰਦੀ ਸੀ ।

10 'ਆਟੇ ਵਿੱਚ ਲੂਣ' ਦਾ ਅਰਥ ਹੈ :
(ੳ) ਆਟੇ ਵਿੱਚ ਲੂਣ ਬਹੁਤ ਹੋਣਾ ।
(ਅ) ਆਟੇ ਵਿੱਚ ਲੂਣ ਡੁੱਲ ਜਾਣਾ ।
(ੲ) ਆਟੇ ਵਿੱਚ ਲੂਣ ਦੀ ਇੱਕ ਮੁੱਠ ।
(ਸ) ਬਹੁਤ ਥੋੜਾ ਫ਼ਰਕ ਹੋਣਾ ।

11 ਸਰਵੇਸ਼ ਕਹਾਣੀ ਲਿਖਦਾ ਹੈ । ਵਾਕ ਵਿੱਚ ਲਿਖਦਾ ਹੈ :
(ੳ) ਸਹਾਇਕ ਕਿਰਿਆ ਹੈ ।
(ਅ) ਕਿਰਿਆ ਹੈ ਹੀ ਨਹੀਂ ।
(ੲ) ਅਕਰਮਕ ਕਿਰਿਆ ਹੈ ।
(ਸ) ਸਕਰਮਕ ਕਿਰਿਆ ਹੈ ।



www.FirstRanker.com

FirstRanker.com
Firstranker's choice
www.FirstRanker.com www.FirstRanker.com

12 ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ, ਦਿੱਤੇ ਪ੍ਰਸ਼ਨਾ ਦੇ ਸਹੀ ਉੱਤਰ ਲਿਖੋ :

ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਕਾਲ ਵਿੱਚ ਹੀ ਕਾਫ਼ੀ ਪ੍ਰਸਿਧ ਅਤੇ ਹਰਮਨ ਪਿਆਰੇ ਰਾਜਾ ਬਣ ਗਏ ਸਨ । ਉਨ੍ਹਾਂ ਦੇ ਨਾਂ ਨਾਲ 'ਸ਼ੇਰੇ ਪੰਜਾਬ' ਲਫ਼ਜ਼ ਦਾ ਜੁੜਜਾਣਾ, ਇਸ ਦੀ ਪੁਸ਼ਟੀ ਲਈ ਪ੍ਰਤਖ ਪ੍ਰਮਾਣ ਹੈ । ਆਪਣੇ ਗੁਣਾਂ ਤੇ ਚੰਗੇ ਕਾਰਨਾਮਿਆਂ ਕਰਕੇ ਉਹ ਲੋਕਾਂਦੀ ਮਾਣਸਿਕਤਾ ਵਿੱਚ ਪੂਰੀ ਤਰ੍ਹਾਂ ਵਸ ਚੁੱਕੇ ਹੋਏ ਸਨ । ਉਸਦੇ ਨਿਯਮਾਂ ਤੇ ਸ਼ਕਤੀ ਦੀਆਂ ਗੱਲਾਂ ਹਮੇਸ਼ਾ ਲੋਕਾਂ ਦੀ ਜ਼ਬਾਨ ਤੇ ਹੁੰਦੀਆਂ । ਉਸ ਦੇ ਰਾਜ ਵਿੱਚ ਪਰਜਾ ਸੁਖੀ ਸੀ । ਚਾਰੇ ਪਾਸੇ ਅਮਨ ਸਾਂਤੀ ਸੀ ਅਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ । ਪੰਜਾਬੀਆਂ ਨੂੰ ਇਹ ਸੁੱਖ-ਸਾਂਤੀ ਦਾ ਮਾਹੌਲ ਬਹੁਤ ਚਿਰ ਮਗਰੋਂ ਵੇਖਣ ਨੂੰ ਮਿਲਿਆ ਸੀ । ਆਏ ਦਿਨ ਹੋਣ ਵਾਲੇ ਹਮਲਿਆ ਕਾਰਨ ਪੈਦਾ ਹੋਣ ਵਾਲੀ ਬਦਨਾਮੀ ਤੋਂ ਉਹਨਾਂ ਨੂੰ ਮਸਾਂ ਛੁਟਕਾਰਾ ਮਿਲਿਆ ਸੀ । ਮਹਾਰਾਜੇ ਦੀ ਸ਼ਖਸ਼ੀਅਤ ਦਾ ਜਲੌ ਇਤਨਾ ਸੀ ਕਿ ਹਮਲਾਵਰ ਉਸ ਤੋਂ ਖੌਫ਼ ਖਾਣ ਲੱਗੇ । ਇਸ ਮਹਾਰਾਜੇ ਨੇ ਆਪਣੀ ਸ਼ਕਤੀ ਨਾਲ ਇਸ ਧਰਤੀ ਤੇ ਹੋਣ ਵਾਲੇ ਹਮਲਿਆਂ ਦਾ ਸਿਲਸਿਲਾ ਸਦਾ ਲਈ ਬੰਦ ਕਰ ਦਿੱਤਾ । ਇਹਨਾ ਬਾਕੀਆਂ ਗੱਲਾਂ ਕਰਕੇ ਮਹਾਰਾਜਾ ਆਪਣੇ ਜੀਉਂਦੇ ਜੀਅ ਇੱਕ 'ਲੋਕ ਨਾਇਕ' ਦਾ ਰੂਪ ਧਾਰ ਚੁੱਕਾ ਹੋਇਆ ਸੀ । ਮਹਾਰਾਜੇ ਦੀ ਮੌਤ ਤੋਂ ਬਾਅਦ ਕਈ ਲੋਕ-ਰੂੜੀਆਂ ਤੇ ਲੋਕ ਵਿਸ਼ਵਾਸ ਉਸਦੇ ਜੀਵਨ ਨਾਲ ਜੁੜ ਗਏ ।

ਪ੍ਰਸ਼ਨ :

(ੳ) ਮਹਾਰਾਜਾ ਰਣਜੀਤ ਸਿੰਘ ਦੇ ਨਾਂ ਨਾਲ ਕਿਹੜਾ ਸ਼ਬਦ ਜੁੜ ਗਿਆ ਸੀ ? 1

(ੳ) ਪੰਜਾਬ ਦੀ ਸ਼ਾਨ (ਅ) ਸ਼ੇਰ-ਇ-ਹਿੰਦ

(ੲ) ਸ਼ੇਰ-ਇ-ਪੰਜਾਬ (ਸ) ਮਹਾਰਾਜਾ-ਇ-ਪੰਜਾਬ

(ਅ) ਮਹਾਰਾਜ ਰਣਜੀਤ ਸਿੰਘ ਦੇ ਰਾਜ ਵਿੱਚ ਸਾਰੇ ਪਾਸੇ ਕਿਹੋ ਜਿਹਾ ਮਾਹੌਲ ਸੀ ? 1

(ੳ) ਨਫ਼ਰਤ ਵਾਲਾ (ਅ) ਹਮਲਿਆ ਵਾਲਾ

(ੲ) ਵਿਤਕਰੇ ਵਾਲਾ (ਸ) ਅਮਨ-ਸ਼ਾਂਤੀ ਵਾਲਾ

(ੲ) ਮਹਾਰਾਜਾ ਰਣਜੀਤ ਸਿੰਘ ਆਪਣੇ ਜਿਉਂਦੇ ਜੀਅ ਕਿਹੜਾ ਰੂਪ ਧਾਰਣ ਕਰ ਚੁਕਿਆ ਸੀ ? 1

(ਸ) ਮਹਾਰਾਜਾ ਰਣਜੀਤ ਸਿੰਘ ਦੇ ਮਰਨ ਤੋਂ ਬਾਅਦ ਉਹਨਾਂ ਦੇ ਜੀਵਨ ਨਾਲ ਕੀ ਜੁੜ ਗਿਆ ਸੀ ? 1

(ਹ) ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਪੰਜਾਬੀ ਲੋਕ ਕਿਸ ਪ੍ਰਕਾਰ ਦੇ ਮਾਹੌਲ ਵਿੱਚ ਰਹਿ ਰਹੇ ਸਨ ? ਤੇ ਕਿਉਂ ? 2

(ਕ) ਮਹਾਰਾਜਾ ਰਣਜੀਤ ਸਿੰਘ ਦੀ ਸ਼ਖਸ਼ੀਅਤ ਦਾ ਜਲੌ ਕਿਹੋ ਜਿਹਾ ਸੀ ? ਉਸ ਤੋਂ ਹਮਲਾਵਰਾਂ ਤੇਂ ਕੀ ਪ੍ਰਭਾਵ ਪਿਆ ? 2

(ਖ) ਪੰਜਾਬ ਦੀ ਧਰਤੀ ਤੇ ਜੋ ਨਿੱਤ ਹਮਲੇ ਹੁੰਦੇ ਰਹਿੰਦੇ ਸਨ, ਉਹਨਾਂ ਦਾ ਕੀ ਹੋਇਆ ? 2

(ਗ) ਆਪਣੇ ਜੀਉਂਦੇ ਜੀਅ ਮਹਾਰਾਜਾ ਰਣਜੀਤ ਸਿੰਘ ਨੇ ਕਿਸ ਗੱਲ ਦਾ ਰੂਪ ਧਾਰਣ ਕਰ ਲਿਆ ਸੀ । 2

(ਘ) ਇਸ ਪੈਰੇ ਦਾ ਢੁਕਵਾਂ ਸਿਰਲੇਖ ਕੀ ਹੈ ? 1



www.FirstRanker.com

FirstRanker.com
Firstranker's choice
www.FirstRanker.com www.FirstRanker.com

13 'ਜਾਂ ਮੈਂ ਸਬਕ ਇਸ਼ਕ ਦਾ ਪੜਿਆ,
ਮਸਜਦ ਕੋਲੋਂ ਜੀਊੜਾ ਡਰਿਆ
ਭਜ ਭਜ ਠਾਕਰ ਦੁਆਰੇ ਵੜਿਆ,
ਘਰ ਵਿੱਚ ਪਾਯਾ ਮਹਰਮ ਯਾਰ'
ਇਸ਼ਕ ਦੀ ਨਵੀਉ ਨਵੀਂ ਬਹਾਰ'

(ੳ) ਇਹ ਕਾਫ਼ੀ ਕਿਸ ਸੂਫੀ ਕਵੀ ਦੀ ਹੈ ? 1

(ੳ) ਇਹ ਕਾਫ਼ੀ ਸ਼ਾਹ ਹੁਸਨ ਦੀ ਹੈ । (ਅ) ਇਹ ਕਾਫ਼ੀ ਵਜੀਦ ਦੀ ਹੈ ।
(ੲ) ਇਹ ਕਾਫ਼ੀ ਸੁਲਤਾਨ ਬਾਹੂ ਦੀ ਹੈ । (ਸ) ਇਹ ਕਾਫ਼ੀ ਬੁੱਲੇ ਸ਼ਾਹ ਦੀ ਹੈ ।

(ਅ) ਕਵੀ ਨੇ ਜਦੋਂ ਦਾ ਇਸ਼ਕ ਨਵਾਂ ਸ਼ਬਦ ਪੜ੍ਹ ਲਿਆ ਹੈ, ਹੁਣ ਉਹ ਕਿੱਥੇ ਜਾਣ ਦੀ ਲੋੜ ਨਹੀਂ ਸਮਝਦਾ ? 1

(ੳ) ਮੰਦਰ ਜਾਣ ਦੀ । (ਅ) ਗੁਰਦੁਆਰੇ ਜਾਣ ਦੀ ।
(ੲ) ਮਸੀਤ ਜਾਣ ਦੀ । (ਸ) ਕਿਤੇ ਵੀ ਨਹੀਂ ।

(ੲ) ਕਵੀ ਮਸਜਦ ਜਾਣ ਤੋਂ ਕਿਉਂ ਘਬਰਾਉਂਦਾ ਹੈ ? 2

(ਸ) ਕਵੀ ਦੀ ਇਸ਼ਕ ਦੀ ਨਵੀਂ ਬਹਾਰ ਕਿਸ ਪ੍ਰਕਾਰ ਦੀ ਹੈ ? 2

14 ਪਾਕਿਸਤਾਨੋ ਆਉਣ ਸਮੇਂ ਪਿਤਾਜੀ ਨੂੰ ਸਭ ਤੋਂ ਵੱਡਾ ਦੁੱਖ ਕੀ ਹੋਇਆ ? ਖੁਸ਼ੀ ਕਹਾਣੀ ਦੇ ਆਧਾਰ ਉੱਤੇ ਲਿਖੋ । 1

15 'ਮਾਂ' ਦੀਆ ਅਸੀਸਾਂ ਨਾਲ ਲੇਖਕ (ਨਾਨਕ ਸਿੰਘ) ਨੂੰ ਕੀ ਮਿਲਿਆ ? 1

16 'ਫਰੀਦਾ ਇਨੀ ਨੀਕੀ ਜੰਘੀਐ ਥਲ ਡੂਗਰ ਭਵਿਉਮਿ, 1
ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਉਮਿ ।'
ਫਰੀਦਜੀ ਨੂੰ ਕਿਹੜਾ ਕੂਜੜਾ ਸੌ ਕੋਸ ਜਿਨ੍ਹਾਂ ਦੂਰ ਲਗਦਾ ਹੈ ?

17 'ਖੂਨ ਕੇ ਸੋਹਿਲੇ ਗਾਵੀਅਹਿ ਨਾਨਕ 1
ਰਤੁ ਕਾ ਕੁੰਗੂ ਪਾਇ ਵੇ ਲਾਲੋ'
ਗੁਰੂ ਨਾਨਕ ਦੇਵਜੀ ਨੂੰ ਖੂਨ ਦੇ ਸੋਹਿਲੇ ਕਿਉਂ ਗਾਉਣੇ ਪਏ ?

18 'ਤੀਜੇ ਕੁੱਤੇ ਦੇ ਇਹ ਕਹਿਣ ਦਾ ਕੀ ਭਾਵ ਹੈ, ਕਿ "ਇੱਥੇ ਇੱਕ ਤੋਂ ਬਿਨਾ ਕਿਸੇ ਨੂੰ ਭੌਂਕਣ ਦੀ ਆਗਿਆ ਨਹੀਂ" ਉੱਤਰ 'ਝੂਠ ਅਤੇ ਸੱਚ' ਪਾਠ ਦੇ ਹਵਾਲੇ ਦੇ ਨਾਲ ਲਿਖੋ ।' 2

19 ਅਕਰਮਕ ਕਿਰਿਆ ਅਤੇ ਸਕਰਮਕ ਕਿਰਿਆ ਵਿੱਚ ਕੀ ਅੰਤਰ ਹੈ ? ਉਦਾਹਰਨ ਸਹਿਤ ਲਿਖੋ । 2

20 ਹੇਠ ਲਿਖੇ ਨਾਂਵ ਸ਼ਬਦਾਂ ਤੋਂ ਵਿਸ਼ੇਸ਼ਣ ਬਣਾਉ : 2
ਉੱਨ, ਅਕਲ, ਇੱਜ਼ਤ, ਗੁਲਾਈ



www.FirstRanker.com

FirstRanker.com
Firstranker's choice
www.FirstRanker.com www.FirstRanker.com

21 ਹੇਠ ਲਿਖੇ ਮੁਹਾਵਰਿਆਂ ਨੂੰ ਇਸ ਪ੍ਰਕਾਰ ਆਪਣੇ ਵਾਕਾਂ ਵਿੱਚ ਵਰਤੋ ਕਿ ਅਰਥ ਸਪਸ਼ਟ ਹੋ ਜਾਣ (ਕੋਈ ਦੋ) 2

(i) ਚਾਂਦੀ ਦੀ ਜੁੱਤੀ ਮਾਰਨੀ । (ii) ਛਿੱਲ ਲਾਹੁਣੀ । (iii) ਜੀਣਾ ਦੁੱਭਰ ਕਰਨਾ ।

22 ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ : 2

ਕਾਇਰਤਾ, ਉਪਰਾ, ਪੋਲਾ, ਵਿਹਲੜ ।

23 ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ : 2

ਰੂੰ, ਕਚਾਲੂਆਂ, ਸਹੁੰ, ਹੱਟੀ ।

24 ਹੇਠ ਲਿਖੇ ਅਖਾਣ ਪੂਰੇ ਕਰੋ : 2

(i) ਤੇਲ ਦੇਖੋ .........................

(ii) ਨਾ ਨੌ ਮਣ ਤੇਲ ਹੋਵੇ .........................

25 ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ : 4

(i) ਬਤੱਖਾਂ ਪਾਣੀ ਵਿੱਚ ਤੈਰਦੇ ਹਨ ।

(ii) ਤੁਹਾਡੀਆਂ ਗੱਲ ਸੁਣਦੇ-ਸੁਣਦੇ ਮੈਂ ਅੱਕ ਗਈ ਹਾਂ ।

(iii) ਸਿਆਣਾ ਬੱਚੇ ਵੱਡਿਆਂ ਦੀ ਆਦਰ ਕਰਦੇ ਹਨ ।

(iv) ਕੂਲਰ ਤੋਂ ਠੰਡਾ ਠੰਡਾ ਹਵਾ ਆਉਂਦਾ ਹੈ ।

26 ਹੇਠ ਲਿਖਿਆਂ ਦੇ ਸਮਾਸੀ ਸ਼ਬਦ ਬਣਾਉ : 2

(i) ਵਾਕ ਦੀ ਰਚਨਾ । (ii) ਯੁਗ ਦਾ ਪੁਰਸ਼ ।

(iii) ਰਾਮ ਦੀ ਨੌਂਵੀਂ । (iv) ਤਰਕ ਵਾਲਾ ਸ਼ਾਸਤਰੀ ।

27 ਹੇਠ ਲਿਖੇ ਪੈਰੇ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ ਅਤੇ ਢੁਕਵਾਂ ਸਿਰਲੇਖ ਵੀ ਦਿਉਂ । 1+3=4

'ਭਾਈ ਗੁਰਦਾਸਜੀ ਦੀ ਸ਼ਖਸ਼ੀਅਤ ਬਹੁਤ ਉੱਚੀ ਸੀ । ਹਰ ਜਗ੍ਹਾ ਹਰ ਮੌਕੇ ਉੱਤੇ, ਆਪ ਜੀ ਦਾ ਪ੍ਰਭਾਵ ਅਤੀ ਡੂੰਗਾ ਪੈਂਦਾ ਸੀ । ਆਪ ਦੀ ਪਦਵੀਂ ਗੁਰਸਿੱਖਾਂ ਤੇ ਵਿਦਵਾਨਾਂ ਵਿੱਚੋਂ ਬਹੁਤ ਉੱਘੀ ਸੀ । ਆਪ ਦੇ ਅੰਤਰਆਤਮੇ, ਸਤਿਗੁਰੂ ਜੀ ਆਪ ਵਸਦੇ ਸਨ । ਗੁਰਬਾਣੀ ਸੁਣਕੇ, ਪੜ੍ਹਕੇ, ਵਿਚਾਰ ਕੇ, ਉਸ ਉੱਤੇ ਅਮਲ ਕਰਨ ਵਾਲੇ ਸਨ । ਦੇਸ-ਦੇਸਾਂਤਰਾਂ ਵਿੱਚ ਗੂੜ੍ਹੇ ਰਸ ਮਾਣਦੇ, ਵਿਚਰਦੇ ਬਹੁਤ ਦੁਨੀਆਂ ਨੂੰ ਦੇਖਦੇ, ਸਮਝਦੇ ਤਜ਼ਰਬੇਕਾਰ ਗੁਰੂ ਸੇਵਕ ਸਨ । ਆਪ ਕੁਦਰਤ ਦੇ ਉਹਦੇ ਵਿਸਮਾਦ ਵਿੱਚ ਝੂਮਦੇ, ਗੁਰੂ ਦੇ ਨਿਕਟ ਵਰਤੀ ਸ਼ਰਧਾਲੂ ਵਿਦਵਾਨ ਕਵੀ ਸਨ । ਆਪ ਦੀ ਕਵਿਤਾ ਸੁਤੇਸਿਧ ਹੀ ਸਿਫ਼ਤਸਲਾਹ ਅਤੇ ਗੁਣਾਂ ਦਾ ਵਰਨਣ ਕਰਨ ਵਾਲੀ ਤੇ ਰਸਦਾਇਕ ਸੀ । ਸਤਿਗੁਰੂ ਜੀ ਆਪ ਸਮੇਂ-ਸਮੇਂ ਸਿਰ ਇਹਨਾ ਦੀ ਕਵਿਤਾ ਸੁਣਦੇ, ਟੀਕਾ ਟਿਪਣੀ ਕਰਤੇ ਅਤੇ ਹੋਰ ਉੱਚਾਈਆਂ ਦੀ ਰੰਗਤ ਦਿੰਦੇ । ਸਤਿਗੁਰੂ ਜੀ ਨੇ ਭਾਈ ਗੁਰਦਾਸ ਜੀ ਨੂੰ ਪੂਰਨ ਕਲਾਕਾਰ ਬਣਾਉਣ ਦੀ ਬਖਸ਼ਿਸ਼ ਕੀਤੀ । ਕਈ ਵਰ ਦਿੱਤੇ, ਇਨਾਮ ਬਖ਼ਸ਼ੇ, ਉਤਸ਼ਾਹ ਦਿੱਤਾ ਅਤੇ ਵਡਿਆਇਆ । ਆਪ ਦੀ ਕਵਿਤਾ ਨੂੰ ਗੁਰੂ ਜੀ ਨੇ ਗੁਰਬਾਣੀ ਦੀ ਕੁੰਜੀ ਹੋਣ ਦਾ ਵਰ ਬਖ਼ਸ਼ਿਆ ।'



www.FirstRanker.com

FirstRanker.com
Firstranker's choice
www.FirstRanker.com www.FirstRanker.com

28 'ਵਾਰਸ਼ਾਹ ਨਾ ਆਦਤਾਂ ਜਾਂਦੀਆਂ ਨੇ' ਭਾਵੇਂ ਕਟੀਏ ਪੋਰੀਆਂ-ਪੋਰੀਆਂ ਜੀ । 5
ਇਸ ਸਚਾਈ ਦਾ 100-ਕੁ ਸ਼ਬਦਾਂ ਵਿੱਚ-ਵਿਸਥਾਰ ਕਰੋ ।

29 ਤੁਹਡੀ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਹੇਠ ਲਿਖੇ ਅਨੁਸਾਰ ਪੀਰਡਾਂ ਨੂੰ ਧਿਆਨ ਵਿੱਚ ਰਖਦੇ ਹੋਏ ਛੇ ਦਿਨਾਂ ਦੇ 48 ਪੀਰਡਾਂ ਦੀ ਤਾਲਿਕਾ ਤਿਆਰ ਕਰੋ । 5
ਅੰਗਰੇਜੀ ਦੇ 9 ਪੀਰਡ, ਗਣਿਤ ਦੇ 8 ਪੀਰਡ, ਪੰਜਾਬੀ ਦੇ 6 ਪੀਰਡ, ਵਿਗਿਆਨ ਦੇ 9 ਪੀਰਡ, ਸਮਾਜਿਕ ਅਧਿਐਨ ਦੇ 9 ਪੀਰਡ, ਲਾਇਬਰੇਰੀ ਦੇ 3 ਪੀਰਡ, ਪੀ.ਟੀ. ਦੇ 3 ਪੀਰਡ, ਯੋਗਾ ਦਾ 1 ਪੀਰਡ ।

30 ਚਿੜੀਆਂ ਇਕਾਂਗੀ ਦੀ ਕਹਾਣੀ 100-125 ਸ਼ਬਦਾਂ ਵਿੱਚ ਲਿਖੋ । 5

31 'ਹਰਨਾਖ਼ਸ ਨਹੀਂ ਮਰੇ' ਕਵਿਤਾ ਵਿੱਚ ਡਾ: ਹਰਿਭਜਨ ਸਿੰਘ ਕੀ ਦਸਣਾ ਚਾਹੁੰਦੇ ਹਨ ? 5
ਉਸ ਨੂੰ 100-125 ਸ਼ਬਦਾਂ ਵਿੱਚ ਲਿਖੋ ।

32 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਬਾਰੇ 80-100 ਸ਼ਬਦਾ ਦਾ ਇੱਕ ਪੈਰਾ ਲਿਖੋ : 4
(i) ਸੱਚੇ ਮਾਰਗ ਚਲਦਿਆਂ ਉਸਤਤ ਕਰੈ ਜਹਾਨ ।
(ii) ਜੀਵਨ ਸੰਘਰਸ਼ ।
(iii) ਹੰਕਾਰਿਆ ਸੋ ਮਾਰਿਆ ।
(iv) ਇੱਕ ਮੱਛੀ ਸਾਰਾ ਤਲਾਅ ਗੰਦਾ ਕਰ ਦਿੰਦੀ ਹੈ ।

33 'ਦੂਰਦਰਸ਼ਨ ਦੇ ਨਿਰਦੇਸ਼ਕ ਨੂੰ ਟੀ.ਵੀ. ਉੱਤੇ ਦਿਖਾਏ ਜਾਂਦੇ ਪ੍ਰੋਗਰਾਮਾਂ ਨੂੰ ਚੰਗੇਰਾ ਬਣਾਉਣ ਲਈ ਮੰਗ ਕਰੋ । ਆਪਣਾ ਕੋਈ ਸੁਝਾਅ ਵੀ ਦਿਉ । 8

ਜਾਂ

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਵਧਦੀ ਹੋਈ ਮਹਿੰਗਾਈ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵਿੱਚ ਮਿਲਾਵਟ ਦੀ ਰੋਕਥਾਮ ਲਈ ਸਰਕਾਰ ਤੇ ਜੋਰ ਪਾਉਣ ਲਈ ਕਰੋ ।

34 ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 200 ਸ਼ਬਦਾਂ ਦਾ ਇੱਕ ਭਾਵਪੂਰਤ ਲੇਖ ਲਿਖੋ : 10
(i) 'ਨਾਨਕ ਦੁਖੀਆ ਸਭ ਸੰਸਾਰ' ।
(ii) ਪੁਸਤਕਾਂ ਦੀ ਦੁਨੀਆ ।
(iii) ਭ੍ਰਿਸ਼ਟਾਚਾਰ ।
(iv) ਕੰਪਿਊਟਰ ਦੀ ਵਧਦੀ ਲੋੜ ।
(v) ਸੰਸਾਰ ਅਮਨ ।

firstranker.com



www.FirstRanker.com